


# ਅਧਿਆਪਕ ਦਿਵਸ ਅਤੇ ਅਧਿਆਪਕ




ਭਾਰਤ ਵਿੱਚ "ਅਧਿਆਪਕ ਦਿਵਸ" ਮਨਾਉਣ ਦਾ ਇਤਿਹਾਸ ਜੋ ਕਿ ਸਤੰਬਰ 5, 1962 ਵਿੱਚ ਪਹਿਲੀ ਵਾਰ ਮਨਾਇਆ ਗਿਆ ਜ਼ਿਆਦਾ ਪੁਰਾਣਾ ਨਹੀਂ ਪਰ "ਅਧਿਆਪਕ " ਸ਼ਬਦ ਅਤੇ ਇਸ ਦੀ ਪਰਿਭਾਸ਼ਾ ਸਦੀਆਂ ਪੁਰਾਣੀ ਹੈ।

ਮਨੂ ਦੇ ਕਥਨ ਅਨੁਸਾਰ "Teacher is a image of Brahma." ਅਧਿਆਪਕ ਦੀ ਮਹਾਨਤਾ ਅਤੇ ਇਸ ਦੇ ਪੁਰਾਤਨ ਸਮੇਂ ਵਿੱਚ ਇਸ ਸ਼ਬਦ ਦੀ ਹੋਂਦ ਦਾ ਸੰਕੇਤ ਮਿਲਦਾ ਹੈ।ਅਧਿਆਪਕ ਦੀ ਮਹਾਨਤਾ ਬਾਰੇ ਵੱਖ-ਵੱਖ ਸਿੱਖਿਆ-ਸ਼ਾਸ਼ਤਰੀਆਂ, ਗੁਰੂਆਂ, ਭਗਤਾਂ ਵੱਲੋਂ ਵੀ ਵੱਖ-ਵੱਖ ਤਰੀਕੇ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ।


"The true teacher is he who can immediately come down to the level of the student, transfer his soul to the student's soul and see through and understand through his mind." -- **Swami Vivekanand**


"The Teacher is the real maker of history." -- **H.G. Wells**

"The teacher is the maker of man." -- **Sir John Adams**

"A teacher can never truly teach unless he is still learning himself. A lamp can never light another lamp unless it continues to burn its own flame. The teacher who has come to the end of his subject, who has no living trafic with his knowledge, but merely repeats his lessons to his students, can only load their minds. He can not quicken them" -- **Tagore**

"The teacher's place in society is of vital importance. He acts as the pivot for the transmission of intellectual traditions and technical skills from generation to generation and helps to keep the lamp of civilization burning." -- **Dr. S. Radhakrishnan**






ਅਧਿਆਪਕ ਤੋਂ ਰਾਸ਼ਟਰਪਤੀ ਤੱਕ ਦੇ ਸਫ਼ਰ ਤੱਕ

ਇਹ ਮਹਾਨ ਵਿਚਾਰ ਡਾ.ਐਸ ਰਾਧਾ ਕ੍ਰਿਸਨਨ ਮਹਾਨ ਫਿਲਾਸਫਰ ਅਤੇ ਅਧਿਆਪਕ ਦੇ ਹਨ।ਜਿਸਨੇ ਭਾਰਤੀ ਸਿੱਖਿਆ ਪ੍ਰਣਾਲੀ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਅਤੇ ਇਨ੍ਹਾਂ ਦੇ ਜਨਮ ਦਿਹਾੜੇ ਨੂੰ ਅਧਿਆਪਕ ਦੇ ਸਤਿਕਾਰ ਵਜੋਂ ਹਰ ਸਾਲ **'ਅਧਿਆਪਕ ਦਿਵਸ'** ਵਜੋਂ ਮਨਾਇਆ ਜਾਂਦਾ ਹੈ।ਉਨ੍ਹਾਂ ਦਾ ਆਪਣੇ ਅਧਿਆਪਕ ਕਿੱਤੇ ਪ੍ਰਤੀ ਸਮਪਰਣ ਦੀ ਗੱਲ ਉਦੋਂ ਸਾਹਮਣੇ ਆਈ ਜਦ ਉਨ੍ਹਾਂ ਦੇ ਵਿਦਿਆਰਥੀਆਂ ਨੇ ਸਤਿਕਾਰ ਵਜੋਂ ਉਨ੍ਹਾਂ ਦੇ ਜਨਮਦਿਨ ਮਨਾਉਣ ਦੀ ਗੱਲ ਆਖੀ ਤਾਂ ਉਨ੍ਹਾਂ ਨੇ ਕਿਹਾ ਕਿ ਮੇਰਾ ਇਕਲਿਆਂ ਦਾ ਵੱਖਰੇ ਤੌਰ ਤੇ ਜਨਮਦਿਨ ਮਨਾਉਣ ਦੀ ਬਜਾਏ ਇਹ ਮੇਰੇ ਲਈ ਹੋਰ ਵੀ ਮਾਣ ਅਤੇ ਸਤਿਕਾਰ ਵਾਲੀ ਹੋਵੇਗੀ ਜੇਕਰ ਤੁਸੀ ਸਤੰਬਰ 5 ਨੂੰ ਬਤੌਰ ਅਧਿਆਪਕ ਦਿਵਸ ਮਨਾਓ। ਇਸ ਲਈ ਇਸ ਤਰ੍ਹਾਂ ਉਨ੍ਹਾਂ ਨੇ ਸਮੂਹ ਅਧਿਆਪਕ ਵਰਗ ਨੂੰ ਸਦਾ ਲਈ ਇਹ ਸਨਮਾਨ ਸਮਰਪਿੱਤ ਕਰ ਦਿੱਤਾ। ਡਾ. ਰਾਧਾ ਕ੍ਰਿਸ਼ਨਨ ਇਸ ਗੱਲ ਦੇ ਹਾਮੀ ਸਨ ਕਿ " Teachers should be the best minds in the country." ਇਸ ਤੋਂ ਵੀ ਵੱਧ ਇੱਕ ਅਧਿਆਪਕ ਹੁੰਦੇ ਹੋਏ, ਡਾ. ਰਾਧਾ ਕ੍ਰਿਸ਼ਨਨ ਜੀ ਨੇ ਦੇਸ਼ ਦੀ ਸੱਭ ਤੋਂ ਉੱਚੀ ਪਦਵੀ ਭਾਵ ਰਾਸ਼ਟਰਪਤੀ ਬਣ ਕੇ ਸਮੂਹ ਅਧਿਆਪਕ ਵਰਗ ਨੂੰ ਜਾਗਰਿਤ ਕੀਤਾ ਕਿ ਇੱਕ ਅਧਿਆਪਕ ਦੇਸ਼ ਦਾ ਪਹਿਲਾਂ ਨਾਗਰਿਕ ਵੀ ਬਣ ਸਕਦਾ ਹੈ। ਇੱਥੇ ਹੀ ਬਸ ਨਹੀਂ ਦੁਨੀਆਂ ਦੇ ਮਹਾਨ ਫਿਲਾਸਫਰ, ਸਾਇੰਸਦਾਨ, ਗਣਿਤਕਾਰ, ਲੇਖਕ, ਨਾਵਲਕਾਰ, ਵਿਚਾਰਕ ਜਿਵੇਂ ਕਿ Albert Einstein, Aristotle, Ayn Rand, Confucius, Galileo Galilee, Sir Isaac Newton, Pythagoras, Friedrich Froebel, Henry David Thoreau, John Amos Comenius ਆਦਿ ਸਭ ਤੋਂ ਪਹਿਲਾਂ ਪ੍ਰਸਿੱਧ ਅਧਿਆਪਕ ਹੀ ਸਨ।

ਭਾਰਤ ਦਾ ਮਹਾਨ ਵਿਗਿਆਨੀ, "ਮਿਜ਼ਾਇਲ ਮੈਨ" ਅਤੇ "People's President" ਨਾਮ ਨਾਲ ਜਾਣੇ ਜਾਣ ਵਾਲੇ ਡਾ.ਏ.ਪੀ.ਜੇ ਅਬਦੁਲ ਕਲਾਮ ਵੀ ਸਰਵ-ਸਰੇਸ਼ਠ, ਕਦੀ ਨਾ ਭੁਲਾਏ ਜਾਣ ਵਾਲੇ ਅਧਿਆਪਕ ਸਨ। ਆਪਣੇ ਕਈ ਭਾਸ਼ਣਾ ਵਿੱਚ ਉਨ੍ਹਾਂ ਇਹ ਦੱਸਿਆ ਕਿ ਜੇਕਰ ਉਹ ਆਪ ਕੋਈ ਭਵਿੱਖਬਾਣੀ ਕਰ ਸਕਦੇ ਹੋਣ ਤਾਂ ਮੈਂ ਚਾਹਵਾਗਾਂ ਕਿ ਮੈਨੂੰ ਸਿਰਫ਼ ਇੱਕ ਅਧਿਆਪਕ ਦੀ ਤਰ੍ਹਾਂ ਹੀ ਯਾਦ ਕੀਤਾ ਜਾਵੇ। " If the people remember me as a good teacher, that will be biggest honour for me." ਉਨ੍ਹਾਂ ਦੇ ਮੁਤਾਬਿਕ ਅਧਿਆਪਕ ਦਾ ਕਿੱਤਾ ਬਹੁਤ ਨੋਬਲ ਕਿੱਤਾ ਹੈ ਜੋ ਆਉਂਣ ਵਾਲੀ ਪੀੜ੍ਹੀ ਦੇ ਚਰਿੱਤਰ, ਯੋਗਤਾ, ਵਿੱਅਕਤੀਤਵ ਅਤੇ ਭਵਿੱਖ ਨੂੰ ਤਰਾਸ਼ਦਾ ਹੈ। ਅਧਿਆਪਕ ਪ੍ਰਤੀ ਸ੍ਰੀ ਰਵਿੰਦਰ ਨਾਥ ਟੈਗੋਰ ਨੇ ਇੱਥੋਂ ਤੱਕ ਕਹਿ ਦਿੱਤਾ ਕਿ " Proper teaching doesn't explain things, proper teaching stokes curiosity." ਇਸ ਕਿੱਤੇ ਦੀ ਸੰਜੀਦਗੀ ਬਾਰੇ ਆਪਣੇ ਵਿਚਾਰ ਨੂੰ ਇਸ ਤਰ੍ਹਾਂ ਪ੍ਰਗਟਾਇਆ।

ਸਿੱਖਿਆ ਵਿਭਾਗ ਵੱਲੋਂ ਅਧਿਆਪਕ ਦਿਵਸ ਤੇ ਅਣਥੱਕ ਮਿਹਨਤੀ, ਆਪਣੇ ਕਿੱਤੇ ਨੂੰ ਸਮਰਪਿੱਤ, ਇਮਾਨਦਾਰ, ਆਪਣੀ ਵਿੱਦਿਅਕ ਯੋਗਤਾ ਵਿੱਚ ਲਗਾਤਾਰ ਵਾਧਾ ਅਤੇ ਸਿੱਖਿਆ ਸੁਧਾਰ ਦੇ ਕੰਮਾਂ ਵਿੱਚ ਵੱਧ-ਚੜ੍ਹਕੇ ਕੰਮ ਕਰਨ ਵਾਲੇ ਅਧਿਆਪਕਾਂ ਦਾ ਸਨਮਾਨ ਕਰਨਾ ਚੰਗੀ ਰੀਤ ਹੈ ਅਤੇ ਇਸ ਨਾਲ ਦੂਸਰੇ ਅਧਿਆਪਕ ਵੀ ਉਤਸ਼ਾਹਿਤ ਹੁੰਦੇ ਹਨ ਅਤੇ ਨਾਲ ਹੀ ਨਾਲ ਆਪਣੇ ਕਿੱਤੇ ਪ੍ਰਤੀ ਲਗਾਵ ਅਤੇ ਮਨੋਬਲ ਉੱਚਾ ਹੁੰਦਾ ਹੈ। ਸਕੂਲਾਂ/ਕਾਲਜਾਂ ਵਿੱਚ ਸਿਖਿਆਰਥੀ ਆਪਣੇ ਅਧਿਆਪਕ ਪ੍ਰਤੀ ਅਧਿਆਪਕ ਬਣ ਕੇ ਅਧਿਆਪਕ ਦੀਆਂ ਡਿਊਟੀਆਂ, ਜ਼ਿੰਮੇਵਾਰੀ, ਮੁਸ਼ਕਿਲਾਂ ਤੋਂ ਜਾਣੂ ਹੁੰਦੇ ਹਨ ਜੋ ਕਿ ਇੱਕ ਆਮ ਪ੍ਰਥਾ ਹੈ। ਇਸ ਲਈ ਇੱਥੇ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਅਧਿਆਪਕ ਵਿਦਿਆਰਥੀਆਂ ਸਾਹਮਣੇ ਰੋਲ ਮਾਡਲ ਬਨਾਮ ਉੱਚ ਆਚਰਣ ਦੀ ਉਦਹਾਰਣ ਬਣਨ, ਉਨ੍ਹਾਂ ਦਾ ਉਜਵੱਲ ਵਿਅਕਤੀਤਵ ਆਤਮ ਵਿਸ਼ਵਾਸ਼ੀ, ਸਵੈਮਾਨੀ, ਗੂੜ ਗਿਆਨੀ, ਆਸ਼ਾਵਾਦੀ, ਲੋਕਤੰਤਰਿਕ, ਇਨਸਾਫ਼ ਪਸੰਦ, ਹਮਦਰਦੀ ਕਰਨ ਵਾਲਾ, ਵਕਤ ਦਾ ਪਾਬੰਦ, ਸਵੇਦਨਸ਼ੀਲ, ਉਤਸ਼ਾਹਿਤ ਸਮਾਜਿਕ ਅਤੇ ਖੁਸ਼ਮਿਜਾਜ ਹੋਣਾ ਚਾਹੀਦਾ ਹੈ ਤਾਂ ਹੀ ਅੱਜ ਦਾ ਅਧਿਆਪਕ, ਇੱਕ ਰਾਸ਼ਟਰ-ਨਿਰਮਾਤਾ ਵਾਲੀ ਗੱਲ ਤੇ ਪੂਰਾ ਉਤਰ ਸਕਦਾ ਹੈ।

ਚੰਗੇ ਗਿਆਨ ਅਤੇ ਵਿੱਅਕਤੀਤਵ ਵਾਲੇ ਅਧਿਆਪਕ ਬਣਾਉਣ ਲਈ ਸਿੱਖਿਆ ਵਿਭਾਗ ਦੀ ਸੰਸਥਾ ਐਸ.ਸੀ.ਈ.ਆਰ.ਟੀ., ਪੰਜਾਬ ਦੇ ਸਿਰ ਵਿਸ਼ੇਸ਼ ਜ਼ਿੰਮੇਵਾਰੀ ਆ ਜਾਂਦੀ ਹੈ ਤੇ ਉਹ ਇਸ ਲਈ ਵਚਨਬੱਧ ਹੈ। ਇੱਥੇ ਇਹ ਬਹੁਤ ਹੀ ਜ਼ਰੂਰੀ ਹੈ ਕਿ ਅਧਿਆਪਕ ਬਣਨ ਲਈ ਆਪਣੇ ਵਿਸ਼ੇ ਦੇ ਪੂਰਨ ਗਿਆਨ ਤੋਂ ਇਲਾਵਾ ਉਸਦੀ ਸਹੀ ਅਰਥਾਂ ਵਿੱਚ ਪੇਸ਼ਾਵਰ ਸਿਖਲਾਈ (Professional Training) ਹੋਣਾ ਵੀ ਲਾਜ਼ਮੀ ਹੈ। ਜਿਸ ਤੋਂ ਬਗੈਰ ਉਹ ਆਪਣੇ ਕਿੱਤੇ ਨਾਲ ਇਨਸਾਫ਼ ਨਹੀਂ ਕਰੇਗਾ ਸਗੋਂ ਭਾਰੀ ਭੁੱਲਾਂ (Pedagogy blunders) ਕਰੇਗਾ। ਇਸ ਸਬੰਧੀ ਪ੍ਰੋਫੈਸਰ Monteque ਨੇ ਆਪਣੇ ਕਿਤਾਬ: "Education and Human Relation" ਵਿੱਚ ਜ਼ੋਰ ਦਿੱਤਾ ਹੈ ਕਿ " No one should ever be permitted to become a teacher of a young unless by temperament, attitude and training , he is fitted to do so" ਇਸ ਸੰਦਰਭ ਵਿੱਚ ਵੀ ਮਾਨਯੋਗ ਸਿੱਖਿਆ ਮੰਤਰੀ ਜੀ ਨੇ ਅੱਗੋਂ ਤੋਂ ਡੀ.ਐਲ.ਐੱਡ. ਦੇ ਕੋਰਸ ਵਿੱਚ ਦਾਖਲਾ ਲੈਣ ਤੋਂ ਪਹਿਲਾਂ ਸਿਖਿਆਰਥੀ ਅਧਿਆਪਕ ਬਣਨ ਲਈ ਐਪਟੀਚਿਊਡ ਟੈੱਸਟ ਰੱਖਣ ਦੀ ਸਲਾਹ ਦਿੱਤੀ ਹੈ ਤਾਂ ਜੋ ਅਧਿਆਪਨ ਦੇ ਕਿੱਤੇ ਵਿੱਚ ਅਧਿਆਪਕ ਦਾ ਉੱਚਾ ਤੇ ਸੁੱਚਾ ਰੁੱਤਬਾ ਬਰਕਰਾਰ ਰਹਿ ਸਕੇ।

**"What the teacher is, is more important than what he teaches"- Karl Meaninger**

ਸੁਖਦੇਵ ਸਿੰਘ ਕਾਹਲੋਂ
ਡਾਇਰੈਕਟਰ
ਐਸ.ਸੀ.ਈ.ਆਰ.ਟੀ.,ਪੰਜਾਬ
98159-56834

5/9/15